BRITISH COLUMBIA HealthLinkBC

Punjabi - Number 25a
October 2011

# ਹੈਪਾਟਾਈਟਿਸ ਬੀ. ਵੈਕਸੀਨ
# Hepatitis B Vaccine

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੇ ਟੀਕੇ ਸਮੇਂ ਸਿਰ ਲਵਾਉ।**

ਸਾਰੇ ਟੀਕੇ ਸਮੇਂ ਸਿਰ ਲਵਾਉਣ ਨਾਲ ਤੁਹਾਡੇ ਬੱਚੇ ਦਾ ਉਮਰ ਭਰ ਲਈ ਕਈ ਬੀਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

ਇਮਿਊਨਾਇਜ਼ੇਸ਼ਨ ਨੇ ਪਿਛਲੇ 50 ਸਾਲਾਂ ਵਿਚ ਕੈਨੇਡਾ ਵਿਚ ਸਿਹਤ ਦੇ ਕਿਸੇ ਵੀ ਹੋਰ ਉਪਾਅ ਨਾਲੋਂ ਜ਼ਿਆਦਾ ਜਾਨਾਂ ਬਚਾਈਆਂ ਹਨ।

## ਹੈਪਾਟਾਈਟਿਸ ਬੀ. ਵੈਕਸੀਨ ਕੀ ਹੈ?

ਹੈਪਾਟਾਈਟਿਸ ਬੀ. ਵੈਕਸੀਨ ਹੈਪਾਟਾਈਟਿਸ ਬੀ. ਵਾਇਰਸ ਤੋਂ ਬਚਾਅ ਕਰਦਾ ਹੈ। ਵੈਕਸੀਨ ਹੈੱਲਥ ਕੈਨੇਡਾ ਵੱਲੋਂ ਪ੍ਰਵਾਨਿਤ ਹੈ।

## ਇਹ ਵੈਕਸੀਨ ਕਿਸ ਨੂੰ ਲਵਾਉਣਾ ਚਾਹੀਦਾ ਹੈ?

ਹੈਪਾਟਾਈਟਿਸ ਬੀ. ਵੈਕਸੀਨ ਤੁਹਾਡੇ ਬੱਚੇ ਦੀ ਬਾਕਾਇਦਾ ਇਮਿਊਨਾਇਜ਼ੇਸ਼ਨ ਦੇ ਇੱਕ ਹਿੱਸੇ ਵਜੋਂ ਮੁਫ਼ਤ ਮੁਹੱਈਆ ਕੀਤਾ ਜਾਂਦਾ ਹੈ। ਇਹ ਵੈਕਸੀਨ ਗਰੇਡ 6 'ਚ 4 ਤੋਂ 6 ਮਹੀਨਿਆਂ ਦੀ ਵਿੱਥ 'ਤੇ ਦੋ ਖ਼ੁਰਾਕਾਂ ਜਾਂ ਟੀਕਿਆਂ ਵਜੋਂ ਦਿੱਤਾ ਜਾਂਦਾ ਹੈ।

ਹੈਪਾਟਾਈਟਿਸ ਬੀ. ਵੈਕਸੀਨ ਛੋਟੇ ਬਾਲ਼ਾਂ ਨੂੰ ਵੀ ਉਨ੍ਹਾਂ ਦੀ ਬਾਕਾਇਦਾ ਇਮਿਊਨਾਈਜ਼ੇਸ਼ਨ ਦੇ ਹਿੱਸੇ ਵਜੋਂ ਮੁਫ਼ਤ ਮੁਹੱਈਆ ਕਰਵਾਇਆ ਜਾਂਦਾ ਹੈ। ਹੋਰ ਜ਼ਿਆਦਾ ਜਾਣਕਾਰੀ ਲਈ HealthLink BC (ਹੈਲਥਲਿੰਕ ਬੀ.ਸੀ.) ਫ਼ਾਈਲ #25c ਹੈਪਾਟਾਈਟਿਸ ਬੀ. ਇਨਫੈਂਟ ਵੈਕਸੀਨ ਵੇਖੋ।

ਇਹ ਵੈਕਸੀਨ ਉਨ੍ਹਾਂ ਬੱਚਿਆਂ ਅਤੇ ਬਾਲਗਾਂ ਨੂੰ ਵੀ ਮੁਫ਼ਤ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਹੈਪਾਟਾਈਟਿਸ ਬੀ. ਦਾ ਜ਼ਿਆਦਾ ਖ਼ਤਰਾ ਹੁੰਦਾ ਹੈ ਜਿਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਲ ਹਨ:

- ਉਨ੍ਹਾਂ ਪਰਵਾਰਾਂ ਦੇ 12 ਸਾਲ ਤੋਂ ਛੋਟੀ ਉਮਰ ਦੇ ਬੱਚੇ ਜੋ ਐਸੀ ਜਗ੍ਹਾ ਤੋਂ ਪਰਵਾਸ ਕਰ ਕੇ ਆਏ ਹਨ ਜਿੱਥੇ ਹੈਪਾਟਾਈਟਿਸ ਬੀ. ਬਹੁਤ ਹੁੰਦਾ ਹੈ।
- ਬਾਹਰਲੇ ਮੁਲਕਾਂ ਤੋਂ ਅਪਣਾਏ ਗਏ ਬੱਚਿਆਂ ਨਾਲ ਘਰ ਵਿਚ ਸੰਪਰਕ ਵਿਚ ਆਉਣ ਵਾਲੇ ਵਿਅਕਤੀ।
- ਹੈਪਾਟਾਈਟਿਸ ਬੀ. ਵਾਲੇ ਵਿਅਕਤੀ ਨਾਲ ਘਰੇਗੀ ਅਤੇ ਸੈਕਸ ਸਬੰਧ ਕਰਨ ਵਾਲੇ।
- ਜਿਹੜੇ ਮਰਦ ਕਿਸੇ ਦੂਸਰੇ ਮਰਦ ਨਾਲ ਸੈਕਸ ਸਬੰਧ ਬਣਾਉਂਦੇ ਹਨ।
- ਉਹ ਲੋਕ ਜਿਨ੍ਹਾਂ ਦੇ ਕਈ ਸੈਕਸ ਸਾਥੀ ਹਨ ਜਾਂ ਜਿਨ੍ਹਾਂ ਨੂੰ ਹਾਲ ਵਿਚ ਹੀ ਸੈਕਸ ਨਾਲ ਫੈਲਣ ਵਾਲੀ ਇਨਫ਼ੈਕਸ਼ਨ ਹੋਈ ਹੋਵੇ।
- ਨਾਜਾਇਜ਼ ਨਸ਼ੇ ਇਸਤੇਮਾਲ ਕਰਨ ਵਾਲੇ ਅਤੇ ਉਨ੍ਹਾਂ ਦੇ ਸੈਕਸ ਸਾਥੀ।
- ਉਹ ਲੋਕ ਜਿਨ੍ਹਾਂ ਨੂੰ ਪੁਰਾਣੀ ਜਿਗਰ ਦੀ ਬਿਮਾਰੀ ਹੈ, ਹੈਪਾਟਾਈਟਿਸ ਸੀ. ਹੈ ਜਾਂ ਜਿਨ੍ਹਾਂ ਦਾ ਜਿਗਰ ਟਰਾਂਸਪਲਾਂਟ ਹੋਇਆ ਹੈ।
- ਜਿਨ੍ਹਾਂ ਨੂੰ ਗੁਰਦਿਆਂ ਦੀ ਪੁਰਾਣੀ ਬਿਮਾਰੀ ਹੈ ਅਤੇ ਪ੍ਰੀਡਾਇਲਿਸਸ (predialysis), ਹੀਮੋਡਾਇਲਿਸਸ (hemodialysis) ਜਾਂ ਜੋ ਪੈਰੀਟੋਨੀਅਲ ਡਾਇਲਿਸਸ (peritoneal dialysis) ਦੇ ਮਰੀਜ਼ ਵੀ ਸ਼ਾਮਲ ਹਨ।
- ਜਿਨ੍ਹਾਂ ਦਾ ਗੁਰਦਾ ਜਾਂ ਸਟੈਮ ਸੈੱਲ ਟਰਾਂਸਪਲਾਂਟ ਹੋਇਆ ਹੈ।
- ਜਿਨ੍ਹਾਂ ਨੂੰ ਹੀਮੋਫ਼ੀਲੀਆ (ਖ਼ੂਨ ਜਲਦੀ ਬੰਦ ਨਾ ਹੋਣਾ) ਹੈ ਜਾਂ ਜਿਨ੍ਹਾਂ ਨੂੰ ਬਾਰ ਬਾਰ ਖ਼ੂਨ ਚੜ੍ਹਾਇਆ ਜਾਂਦਾ ਹੈ ਜਾਂ ਖ਼ੂਨ ਦੇ ਪਦਾਰਥ ਦਿੱਤੇ ਜਾਂਦੇ ਹਨ।
- ਜਿਨ੍ਹਾਂ ਨੂੰ ਐੱਚ.ਆਈ.ਵੀ. (HIV) ਹੈ।
- ਜੇਲ੍ਹਾਂ ਵਿਚ ਰਹਿਣ ਵਾਲੇ।
- ਉਸ ਚਾਈਲਡ-ਕੇਅਰ ਦੇ ਅਧਿਆਪਕ, ਸਟਾਫ਼ ਅਤੇ ਵਿਦਿਆਰਥੀ ਜਿੱਥੇ ਹੈਪਾਟਾਈਟਿਸ ਬੀ. ਵਾਲੇ ਬੱਚੇ ਦੇ ਵਿਵਹਾਰ ਜਾਂ ਬਿਮਾਰ ਹਾਲਤ ਕਾਰਨ ਬੱਚੇ ਦੇ ਖ਼ੂਨ ਜਾਂ ਤਰਲ ਪਦਾਰਥਾਂ ਨਾਲ ਸੰਪਰਕ ਦੀ ਸੰਭਾਵਨਾ ਵਧ ਜਾਂਦੀ ਹੈ।
- ਸਰੀਰਕ ਤੌਰ ਤੇ ਘੱਟ ਵਿਕਸਤ ਲੋਕਾਂ ਦੇ ਕਮਿਊਨਿਟੀ ਗਰੁੱਪ ਦੀ ਰਿਹਾਇਸ਼ ਦਾ ਸਟਾਫ਼ ਜਾਂ ਨਿਵਾਸੀ।
- ਸਿਹਤ ਸੰਭਾਲ ਦੇ ਪੇਸ਼ੇ ਵਾਲੇ ਵਿਦਿਆਰਥੀ, ਸਿਹਤ ਸੰਭਾਲ ਵਾਲੇ ਕਾਮੇ, ਫਾਰਮਾਸਿਸਟ ਅਤੇ ਹੋਰ ਜੋ ਆਪਣੇ ਕੰਮ ਸਮੇਂ ਖ਼ੂਨ ਅਤੇ ਸਰੀਰਕ ਦ੍ਰਵਾਂ ਦੇ ਸੰਪਰਕ ਵਿਚ ਆ ਸਕਦੇ ਹਨ।

ਬਾਲਗਾਂ ਅਤੇ 16 ਸਾਲ ਦੀ ਉਮਰ ਤੋਂ ਵੱਢਿਆਂ ਨੂੰ ਵੈਕਸੀਨ ਦੀਆਂ 3 ਖ਼ੁਰਾਕਾਂ ਦੀ ਜ਼ਰੂਰਤ ਹੁੰਦੀ ਹੈ।

ਜੇ ਤੁਸੀਂ ਮੁਫ਼ਤ ਵੈਕਸੀਨ ਦੇ ਹੱਕਦਾਰ ਨਹੀਂ, ਤਾਂ ਵੈਕਸੀਨ ਖ਼ਰੀਦਣ ਲਈ ਆਪਣੇ ਸਿਹਤ ਸੰਭਾਲ ਵਾਲੇ (ਡਾਕਟਰ, ਨਰਸ, ਫਾਰਮਾਸਿਸਟ) ਨਾਲ ਗੱਲ ਕਰੋ। ਲਈਆਂ ਗਈਆਂ ਸਾਰੀਆਂ ਇਮਿਊਨਾਈਜ਼ੇਸ਼ਨਜ਼ ਦਾ ਰਿਕਾਰਡ ਰੱਖਣਾ ਬੜਾ ਮਹੱਤਵਪੂਰਨ ਹੈ।

## ਵੈਕਸੀਨ ਦੇ ਫ਼ਾਇਦੇ

ਹੈਪਾਟਾਈਟਿਸ ਬੀ. ਵੈਕਸੀਨ ਬੜਾ ਅਸਰਦਾਰ ਹੈ। ਇਹ ਹੈਪਾਟਾਈਟਿਸ ਬੀ. ਇਨਫ਼ੈਕਸ਼ਨ ਅਤੇ ਇਸ ਦੀਆਂ ਉਲਝਣਾ ਜਿਵੇਂ

ਕਿ ਜਿਗਰ ਦਾ ਸਥਾਈ ਨੁਕਸਾਨ ਜਿਸ ਕਾਰਨ ਜਿਗਰ ਦਾ ਕੈਂਸਰ ਅਤੇ ਮੌਤ ਹੋ ਸਕਦੀ ਹੈ, ਤੋਂ ਬਚਾਉਂਦਾ ਹੈ। ਤੁਸੀਂ ਵੈਕਸੀਨ ਲੈ ਕੇ ਹੋਰ ਲੋਕਾਂ ਦੀ ਸੁਰੱਖਿਆ ਵਿਚ ਵੀ ਮਦਦ ਕਰਦੇ ਹੋ।

## ਇਸ ਵੈਕਸੀਨ ਤੋਂ ਬਾਅਦ ਸੰਭਵ ਪ੍ਰਤੀਕਰਮ/ਰਿਐਕਸ਼ਨ

ਵੈਕਸੀਨ ਬੜੇ ਸੁਰੱਖਿਅਤ ਹੁੰਦੇ ਹਨ। ਹੈਪਾਟਾਈਟਿਸ ਬੀ. ਬਿਮਾਰੀ ਹੋਣ ਨਾਲੋਂ ਵੈਕਸੀਨ ਲੈਣਾ ਜ਼ਿਆਦਾ ਸੁਰੱਖਿਅਤ ਹੈ।

ਜਿਸ ਥਾਂ ਲੋਦਾ ਲੱਗਿਆ ਹੋਵੇ ਉਹ ਥਾਂ ਦੁਖਣਾ, ਲਾਲ ਹੋਣਾ ਅਤੇ ਸੋਜ ਪੈਣਾ ਵੈਕਸੀਨ ਦੇ ਆਮ ਰੀਐਕਸ਼ਨਾਂ 'ਚ ਸ਼ਾਮਲ ਹੋ ਸਕਦਾ ਹੈ। ਕੁੱਝ ਕੁ ਨੂੰ ਹਲਕਾ ਬੁਖ਼ਾਰ ਹੋ ਸਕਦਾ ਹੈ।

ਐਸੀਟਾਮੀਨੋਫ਼ੇਨ (Acetaminophen) ਜਾਂ ਟੈਲੀਨੋਲ (Tylenol®) ਬੁਖ਼ਾਰ ਲਈ ਅਤੇ ਦੁਖਣ ਤੋਂ ਦਿੱਤੀ ਜਾ ਸਕਦੀ ਹੈ। ASA ਜਾਂ ਐਸਪ੍ਰੀਨ (Aspirin®) ਰਾਈ ਸਿੰਡਰੋਮ ਦੇ ਖ਼ਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ **ਨਹੀਂ** ਦਿੱਤੀ ਜਾਣੀ ਚਾਹੀਦੀ।

ਕੋਈ ਵੀ ਵੈਕਸੀਨ ਲੈਣ ਤੋਂ ਮਗਰੋਂ 15 ਮਿੰਟ ਕਲੀਨਿਕ ਵਿਚ ਰੁਕਣਾ ਮਹੱਤਵਪੂਰਨ ਹੈ ਕਿਉਂਕਿ ਭਾਵੇਂ ਬੇਹੱਦ ਹੀ ਘੱਟ, ਇੱਕ ਜਾਨ ਦੇ ਖ਼ਤਰੇ ਵਾਲੀ ਐਲਰਜੀ ਦੇ ਰੀਐਕਸ਼ਨ ਦੀ ਸੰਭਾਵਨਾ ਹੁੰਦੀ ਹੈ, ਜਿਸ ਨੂੰ ਐਨਾਫਾਇਲੈਕਿਸਿਸ ਕਿਹਾ ਜਾਂਦਾ ਹੈ। ਇਸ ਨਾਲ ਛਪਾਕੀ, ਸਾਹ ਲੈਣ ਵਿਚ ਤਕਲੀਫ਼ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਹੋ ਸਕਦੀ ਹੈ। ਜੇਕਰ ਇੰਜ ਤੁਹਾਡੇ ਕਲੀਨਿਕ ਵਿਚੋਂ ਨਿਕਲ ਆਉਣ ਤੋਂ ਮਗਰੋਂ ਹੁੰਦਾ ਹੈ ਤਾਂ 9-1-1 ਜਾਂ ਲੋਕਲ ਐਮਰਜੈਂਸੀ ਨੰਬਰ 'ਤੇ ਫ਼ੋਨ ਕਰੋ। ਇਸ ਰਿਐਕਸ਼ਨ ਦਾ ਇਲਾਜ ਹੋ ਸਕਦਾ ਹੈ ਅਤੇ ਇਹ ਵੈਕਸੀਨ ਲੈਣ ਵਾਲੇ ਦਸ ਲੱਖ ਲੋਕਾਂ ਵਿਚੋਂ ਇੱਕ ਤੋਂ ਵੀ ਘੱਟ ਜਣੇ ਨੂੰ ਹੁੰਦਾ ਹੈ।

ਗੰਭੀਰ ਜਾਂ ਅਚਨਚੇਤ ਰੀਐਕਸ਼ਨਾਂ ਦੀ ਰਿਪੋਰਟ ਆਪਣੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨੂੰ ਕਰੋ।

## ਕਿਸ ਨੂੰ ਵੈਕਸੀਨ ਨਹੀਂ ਲਗਵਾਉਣਾ ਚਾਹੀਦਾ?

ਜੇਕਰ ਤੁਹਾਨੂੰ ਹੈਪਾਟਾਈਟਿਸ ਬੀ. ਦੀ ਪਹਿਲਾਂ ਦਿੱਤੀ ਕਿਸੇ ਖ਼ੁਰਾਕ ਜਾਂ ਯੀਸਟ, ਕੱਚੀ ਰਬੜ ਸਮੇਤ ਵੈਕਸੀਨ ਵਿਚਲੀ ਕਿਸੇ ਅੰਸ਼ ਨਾਲ ਜਾਨ ਦੇ ਖ਼ਤਰੇ ਵਾਲਾ ਰੀਐਕਸ਼ਨ ਹੋਇਆ ਹੋਵੇ ਤਾਂ ਸਿਹਤ ਸੰਭਾਲ ਪਰਦਾਨ ਕਰਨ ਵਾਲੇ ਨਾਲ ਗੱਲ ਕਰੋ।

## ਹੈਪਾਟਾਈਟਿਸ ਬੀ. ਇਨਫੈਕਸ਼ਨ ਕੀ ਹੈ?

ਹੈਪਾਟਾਈਟਿਸ ਬੀ. ਇੱਕ ਵਾਇਰਸ ਹੈ ਜਿਹੜਾ ਜਿਗਰ 'ਤੇ ਹਮਲਾ ਕਰਦਾ ਹੈ। ਇਹ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਕਰ ਸਕਦਾ ਹੈ ਜਿਸ 'ਚ ਸ਼ਾਮਲ ਹੋ ਸਕਦਾ ਹੈ ਜਿਗਰ ਦਾ ਸਥਾਈ ਨੁਕਸਾਨ (ਸਾਈਰੋਸਿਸ)। ਹੈਪਾਟਾਈਟਿਸ ਬੀ. ਜਿਗਰ ਦੀ ਕੈਂਸਰ ਦਾ ਵੀ ਮੁੱਖ ਕਾਰਨ ਹੈ, ਜਿਹੜੀ ਜਾਨਲੇਵਾ ਹੋ ਸਕਦੀ ਹੈ। ਹੈਪਾਟਾਈਟਿਸ ਬੀ. ਵਾਇਰਸ ਇਨਫੈਕਸ਼ਨ ਵਾਲੇ ਕਿਸੇ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਖ਼ੂਨ ਜਾਂ ਸਰੀਰਕ ਦ੍ਰਵਾਂ ਦੇ ਸੰਪਰਕ ਦੁਆਰਾ ਫੈਲਦਾ ਹੈ, ਜਿਵੇਂ ਵਰਤੀ ਗਈ ਸੂਈ ਅਚਨਚੇਤ ਚੁਭ ਜਾਣਾ, ਗੂੜ੍ਹੇ ਸੈਕਸ ਸਬੰਧ, ਇਨਫੈਕਸ਼ਨ ਵਾਲੇ ਖ਼ੂਨ ਦੇ ਛਿੱਟੇ ਮੂੰਹ, ਨੱਕ ਜਾਂ ਅੱਖਾਂ 'ਚ ਪੈ ਜਾਣੇ, ਇਨਫੈਕਸ਼ਨ ਵਾਲੇ ਵਿਅਕਤੀ ਦੁਆਰਾ ਵੱਢੇ ਜਾਣਾ, ਜਾਂ ਖ਼ੂਨ ਨਾਲ ਦੂਸ਼ਿਤ ਹੋਈਆਂ ਵਸਤਾਂ ਜਿਵੇਂ ਦੰਦਾਂ ਵਾਲਾ ਬੁਰਸ਼, ਦੰਦਾਂ 'ਚ ਫੇਰਨ ਵਾਲਾ ਧਾਗਾ ਜਾਂ ਬਲੇਡ ਸਾਂਝਾ ਕਰਨ ਦੁਆਰਾ। ਜਿਨ੍ਹਾਂ ਮਾਵਾਂ ਨੂੰ ਹੈਪਾਟਾਈਟਿਸ ਬੀ. ਵਾਇਰਸ ਦੀ ਇਨਫੈਕਸ਼ਨ ਹੋਵੇ, ਉਹ ਜਨਮ ਦੇਣ ਦੌਰਾਨ ਆਪਣੇ ਨਵ-ਜਨਮੇਂ ਬਾਲਾਂ ਤੱਕ ਵਾਇਰਸ ਪਹੁੰਚਾ ਸਕਦੀਆਂ ਹਨ।

ਵਾਇਰਸ ਦੇ ਸਰੀਰ 'ਚ ਦਾਖਲ ਹੋਣ ਤੋਂ ਮਗਰੋਂ ਬਿਮਾਰੀ ਦੇ ਲੱਛਣ ਜਾਂ ਨਿਸ਼ਾਨੀਆਂ ਵਿਕਸਤ ਹੋਣ ਨੂੰ ਆਮ ਤੌਰ 'ਤੇ 2 ਤੋਂ 3 ਮਹੀਨੇ ਲੱਗਦੇ ਹਨ। ਹੈਪਾਟਾਈਟਿਸ ਬੀ. ਵਾਲੇ ਕਈ ਲੋਕਾਂ ਵਿਚ ਕੋਈ ਰੋਗ-ਲੱਛਣ ਨਜ਼ਰ ਹੀ ਨਹੀਂ ਆਉਂਦੇ ਅਤੇ ਹੋ ਸਕਦਾ ਹੈ ਕਿ ਉਹ ਜਾਣਦੇ ਹੀ ਨਾ ਹੋਣ ਕਿ ਉਨ੍ਹਾਂ ਨੂੰ ਬਿਮਾਰੀ ਹੈ। ਬਿਮਾਰੀ ਦੇ ਲੱਛਣ ਹੋਣ ਜਾਂ ਨਾ ਹੋਣ, ਤੁਸੀਂ ਵਾਇਰਸ ਦੂਜਿਆਂ ਤੱਕ ਪਹੁੰਚਾ ਸਕਦੇ ਹੋ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਨਾਬਾਲਗ ਬੱਚੇ ਇਮਿਊਨਾਇਜ਼ੇਸ਼ਨ ਦੀ ਸਹਿਮਤੀ ਬਾਰੇ ਪਹਿਲਾਂ ਗੱਲਬਾਤ ਕਰ ਲੈਣ। ਇਮਿਊਨਾਈਜ਼ੇਸ਼ਨ ਤੋਂ ਪਹਿਲਾਂ ਮਾਪਿਆਂ/ਸਰਪ੍ਰਸਤਾਂ ਜਾਂ ਪ੍ਰਤੀਨਿਧਾਂ ਦੀ ਸਹਿਮਤੀ ਲੈਣ ਲਈ ਯਤਨ ਕੀਤੇ ਜਾਂਦੇ ਹਨ। ਪਰ ਫਿਰ ਵੀ 19 ਸਾਲ ਤੋਂ ਘੱਟ ਉਮਰ ਦੇ ਬੱਚੇ ਜਿਹੜੇ ਵੈਕਸੀਨ ਲੈਣ ਦੇ ਫ਼ਾਇਦਿਆਂ ਅਤੇ ਸੰਭਵ ਰਿਐਕਸ਼ਨਜ਼ ਅਤੇ ਵੈਕਸੀਨ ਨਾ ਲੈਣ ਦੇ ਖ਼ਤਰਿਆਂ ਨੂੰ ਸਮਝਣ ਦੇ ਯੋਗ ਹੋਣ, ਉਹ ਇਮਿਊਨਾਇਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ।

ਇਮਿਊਨਾਈਜ਼ੇਸ਼ਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ www.immunizebc.ca ਦੇਖੋ।

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।

BRITISH COLUMBIA | ImmunizeBC

BC Centre for Disease Control
AN AGENCY OF THE PROVINCIAL HEALTH SERVICES AUTHORITY